ਮਿੱਠੇ ਬੱਚੇ:- "ਮਿੱਠੇ ਬੱਚੇ- ਅਲਫ਼ ਅਤੇ ਬੇ, ਬਾਪ ਤੇ ਵਰਸਾ ਯਾਦ ਰਹੇ ਤਾਂ ਖੁਸ਼ੀ ਦਾ ਪਾਰਾ ਚੜ੍ਹਿਆ ਰਹੇਗਾ- ਇਹ ਬਹੁਤ ਸਹਿਜ ਸੈਕਿੰਡ ਦੀ ਗੱਲ ਹੈ।"

ਪ੍ਰਸ਼ਨ:- ਪ੍ਰਸ਼ਨ:- ਬੇਅੰਤ ਖੁਸ਼ੀ ਕਿਨ੍ਹਾਂ ਬੱਚਿਆਂ ਨੂੰ ਰਹੇਗੀ? ਖੁਸ਼ੀ ਦਾ ਪਾਰਾ ਚੜਿਆ ਰਹੇ ਉਸਦਾ ਸਾਧਨ ਕੀ ਹੈ?

ਉੱਤਰ:- ਜੋ ਬੱਚੇ ਅਸ਼ਰੀਰੀ ਬਣਨ ਦਾ ਅਭਿਆਸ ਕਰਦੇ, ਬਾਪ ਜੋ ਸੁਣਾਉਂਦੇ ਹਨ ਉਸਨੂੰ ਚੰਗੀ ਤਰ੍ਹਾਂ ਧਾਰਨ ਕਰ ਦੂਸਰਿਆਂ ਨੂੰ ਕਰਵਾਉਂਦੇ ਹਨ, ਉਨ੍ਹਾਂ ਨੂੰ ਹੀ ਬੇਅੰਤ ਖੁਸ਼ੀ ਰਹਿ ਸਕਦੀ ਹੈ। ਖੁਸ਼ੀ ਦਾ ਪਾਰਾ ਸਦੈਵ ਚੜ੍ਹਿਆ ਰਹੇ ਇਸ ਦੇ ਲਈ ਅਵਿਨਾਸ਼ੀ ਗਿਆਨ ਰਤਨਾ ਦਾ ਦਾਨ ਕਰਦੇ ਰਹੋ। ਬਹੁਤਿਆਂ ਦਾ ਕਲਿਆਣ ਕਰੋ। ਸਦਾ ਇਹ ਯਾਦ ਰਹੇ ਕਿ ਅਸੀਂ ਸਾਰੇ ਹਾਲੇ ਸੁਖ ਅਤੇ ਸ਼ਾਂਤੀ ਦੀ ਚੋਟੀ ਤੇ ਜਾ ਰਹੇ ਹਾਂ ਤਾਂ ਖੁਸ਼ੀ ਰਹੇਗੀ।

ਓਮ ਸ਼ਾਂਤੀ। ਬਾਪਦਾਦਾ ਦਾ ਵਿਚਾਰ ਹੈ ਕਿ ਸੈਕਿੰਡ ਵਿਚ ਬੱਚਿਆਂ ਤੋਂ ਲਿਖਾ ਕੇ ਲਵੇ ਕਿ ਕਿਸ ਦੀ ਯਾਦ ਵਿਚ ਬੈਠੇ ਹੋ? ਇਸਨੂੰ ਲਿਖਣ ਵਿਚ ਕੋਈ ਸਮਾਂ ਨਹੀਂ ਲਗਦਾ ਹੈ। ਹਰੇਕ ਇਕ ਸੈਕਿੰਡ ਵਿਚ ਲਿਖ ਕੇ ਬਾਬਾ ਨੂੰ ਦਿਖਾ ਜਾਵੇ। (ਸਭ ਨੇ ਲਿਖ ਕੇ ਬਾਬਾ ਨੂੰ ਵਿਖਾਇਆ, ਫਿਰ ਬਾਬਾ ਨੇ ਵੀ ਲਿਖਿਆ) ਬਾਬਾ ਨੇ ਜੋ ਲਿਖਿਆ ਸੋ ਕੋਈ ਨੇ ਨਹੀਂ ਲਿਖਿਆ) ਬਾਬਾ ਨੇ ਲਿਖਿਆ ਅਲਫ਼ ਅਤੇ ਬੇ, ਕਿੰਨਾ ਸੌਖਾ ਹੈ। ਅਲਫ਼ ਮਾਨਾ ਬਾਬਾ, ਬੇ ਮਾਨਾ ਬਾਦਸ਼ਾਹੀ। ਬਾਬਾ ਪੜ੍ਹਾਉਂਦੇ ਹਨ ਅਤੇ ਤੁਸੀਂ ਰਾਜਾਈ ਪ੍ਰਾਪਤ ਕਰਦੇ ਹੋ। ਹੋਰ ਜ਼ਿਆਦਾ ਲਿਖਣ ਦੀ ਲੋੜ ਨਹੀਂ ਹੈ। ਤੁਸੀਂ ਤਾਂ ਲਿਖਣ ਵਿਚ ਦੋ ਮਿੰਟ ਵੀ ਲਗਾਏ। ਅਲਫ਼ ਬੇ ਸੈਕਿੰਡ ਦੀ ਗੱਲ ਹੈ। ਸੰਨਿਆਸੀ ਸਿਰਫ ਅਲਫ਼ ਨੂੰ ਯਾਦ ਕਰਨਗੇ। ਤੁਹਾਨੂੰ ਬਾਦਸ਼ਾਹੀ ਵੀ ਯਾਦ ਹੈ। ਯਾਦ ਦੀ ਆਦਤ ਪੈ ਜਾਂਦੀ ਹੈ। ਬੁੱਧੀ ਵਿਚ ਬੈਠਦਾ ਹੈ ਤਾਂ ਖੁਸ਼ੀ ਦਾ ਪਾਰਾ ਚੜ੍ਹਿਆ ਰਹਿੰਦਾ ਹੈ। ਅਲਫ਼ ਦਾ ਅਰਥ ਕਿੰਨਾਂ ਵੱਡਾ ਉੱਚੀ ਚੋਟੀ ਹੈ। ਉਸ ਤੋਂ ਉਪਰ ਹੋਰ ਕੋਈ ਚੀਜ਼ ਹੀ ਨਹੀਂ। ਰਹਿਣ ਦਾ ਸਥਾਨ ਵੀ ਉੱਚੇ ਤੋਂ ਉੱਚਾ ਹੈ। ਸੈਕੰਡ ਵਿਚ ਮੁਕਤੀ- ਜੀਵਨਮੁਕਤੀ ਦਾ ਅਰਥ ਵੀ ਕੋਈ ਨਹੀਂ ਜਾਣਦੇ। ਉਸ ਦਾ ਅਰਥ ਵੀ ਜਰੂਰ ਹੋਵੇਗਾ। ਬੱਚਾ ਪੈਦਾ ਹੁੰਦਾ ਹੈ ਤਾਂ ਲਿਖਦੇ ਹਨ ਇਤਨੇ ਘੰਟੇ, ਇਤਨੇ ਮਿੰਟ, ਇਤਨੇ ਸੈਕਿੰਡ ਹੋਏ। ਟਿੱਕ-ਟਿੱਕ ਚਲਦੀ ਰਹਿੰਦੀ ਹੈ। ਟਿੱਕ ਹੋਈ ਅਲਫ਼ ਬੇ, ਬਸ ਸੈਕਿੰਡ ਵੀ ਨਹੀਂ ਲਗਦਾ। ਕਹਿਣ ਦੀ ਵੀ ਲੋੜ ਨਹੀਂ ਹੈ। ਯਾਦ ਤਾਂ ਹੈ ਹੀ। ਤੁਹਾਡੇ ਬੱਚਿਆਂ ਦੀ ਅਵਸਥਾ ਇਤਨੀ ਚੰਗੀ ਹੋਣੀ ਚਾਹੀਦੀ ਹੈ। ਪਰ ਉਹ ਓਦੋ ਹੋਵੇਗੀ ਜਦੋ ਯਾਦ ਰਹੇਗੀ। ਇਥੇ ਬੈਠੇ ਹੋ ਤਾਂ ਬਾਪ ਅਤੇ ਰਾਜਾਈ ਯਾਦ ਕਰਨੀ ਚਾਹੀਦੀ ਹੈ। ਬੁੱਧੀ ਵੇਖਦੀ ਹੈ ਜਿਸਨੂੰ ਦਿਵਯ ਦ੍ਰਿਸ਼ਟੀ ਕਿਹਾ ਜਾਂਦਾ ਹੈ। ਆਤਮਾ ਵੀ ਦੇਖਦੀ ਹੈ। ਬਾਪ ਨੂੰ ਆਤਮਾ ਹੀ ਯਾਦ ਕਰਦੀ ਹੈ। ਤੁਸੀਂ ਵੀ ਬਾਪ ਨੂੰ ਯਾਦ ਕਰੋ ਤਾਂ ਰਾਜਾਈ ਇਕਠੀ ਯਾਦ ਆ ਜਾਵੇਗੀ। ਕਿੰਨੀ ਦੇਰ ਲਗਦੀ ਹੈ, ਇਥੇ ਵੀ ਯਾਦ ਵਿਚ ਰਹੋਗੇ ਤਾਂ ਬਹੁਤ ਖੁਸ਼ ਹੋ ਜਾਵੋਗੇ। ਬਾਬਾ ਵੀ ਇਸੇ ਖੁਸ਼ੀ ਵਿਚ ਬੈਠੇ ਹਨ। ਬਾਪ ਨੂੰ ਇਥੋਂ ਦੀ ਕੋਈ ਗੱਲ ਯਾਦ ਹੀ ਨਹੀਂ। ਬਾਬਾ ਯਾਦ ਕਰਦੇ ਹਨ ਓਥੋਂ ਦੀਆ ਗੱਲਾਂ। ਬਾਬਾ ਅਤੇ ਰਾਜਾਈ ਜਿਵੇਂਕਿ ਦਰ ਤੇ ਖੜੇ ਹਨ। ਬਾਬਾ ਕਹਿੰਦੇ ਹਨ ਤੁਹਾਡੇ ਲਈ ਮੈਂ ਰਾਜਾਈ ਲੈ ਆਇਆ ਹਾਂ। ਤੁਸੀਂ ਸਿਰਫ ਯਾਦ ਨਹੀਂ ਕਰਦੇ ਇਸਲਈ ਖੁਸ਼ੀ ਨਹੀਂ ਠਹਿਰਦੀ। ਤੁਸੀਂ ਉਠਦੇ - ਬੈਠਦੇ ਆਪਣੇ ਆਪ ਨੂੰ ਆਤਮਾ ਸਮਝੋ ਅਤੇ ਬਾਪ ਅਤੇ ਵਰਸੇ ਨੂੰ ਯਾਦ ਕਰੋ। ਕਿੰਨਾ ਉੱਚਾ ਸਥਾਨ ਹੈ ਜਿਥੇ ਤੁਸੀਂ ਰਹਿੰਦੇ ਹੋ। ਦੁਨੀਆ ਥੋੜ੍ਹੀ ਹੀ ਜਾਣਦੀ ਹੈ। ਮਨੁੱਖ ਮੁਕਤੀ ਵਿਚ ਜਾਣ ਲਈ ਕਿੰਨਾ ਮੱਥਾ ਮਾਰਦੇ ਹਨ, ਹਾਲੇ ਮੁਕਤੀਧਾਮ ਹੈ ਕਿਥੇ? ਤੁਸੀਂ ਸਮਝਦੇ ਹੋ ਆਤਮਾ ਤਾਂ ਰਾਕੇਟ ਹੈ। ਉਹ ਲੋਕ ਚੰਦ ਤੱਕ ਜਾਂਦੇ ਹਨ ਫਿਰ ਹੈ ਪੋਲਾਰ। ਤੁਸੀਂ ਤਾਂ ਪੋਲਾਰ ਤੋਂ ਵੀ ਬਹੁਤ ਉਂਚ ਜਾਂਦੇ ਹੋ। ਚੰਦਰਮਾ ਤੇ ਇਸ ਦੁਨੀਆ ਦਾ ਹੈ। ਕਿਹਾ ਜਾਂਦਾ ਹੈ ਸੂਰਜ ਚੰਦ ਤੋਂ ਪਰੇ, ਆਵਾਜ ਤੋਂ ਵੀ ਪਰੇ। ਇਸ ਸ਼ਰੀਰ ਨੂੰ ਛੱਡ ਦੇਣਾ ਹੈ। ਤੁਸੀਂ ਆਉਂਦੇ ਹੋ ਸਵੀਟ ਸਾਈਲੈਂਸ ਹੋਮ ਤੋਂ। ਆਉਣ ਜਾਣ ਵਿਚ ਸਮਾਂ ਨਹੀਂ ਲਗਦਾ ਹੈ। ਆਪਣਾ ਘਰ ਹੈ। ਇੱਥੇ ਤਾਂ ਕਿੱਥੇ ਵੀ ਜਾਓ ਤਾਂ ਟਾਈਮ ਲਗਦਾ ਹੈ। ਆਤਮਾ ਸ਼ਰੀਰ ਛੱਡਦੀ ਹੈ ਤੇ ਕਿਤੇ ਦੀ ਕਿਤੇ ਚਲੀ ਜਾਂਦੀ ਹੈ। ਇਕ ਸ਼ਰੀਰ ਛੱਡ ਦੂਜੇ ਵਿਚ ਜਾ ਕੇ ਪ੍ਰਵੇਸ਼ ਕਰਦੀ ਹੈ। ਤਾਂ ਆਪਣੇ ਨੂੰ ਆਤਮਾ ਸਮਝਣਾ ਹੈ। ਤੁਸੀਂ ਬਹੁਤ ਉਂਚ ਚੋਟੀ ਤੇ ਜਾਂਦੇ ਹੋ। ਮਨੁੱਖ ਸ਼ਾਂਤੀ ਚਾਹੁੰਦੇ ਹਨ। ਸ਼ਾਂਤੀ ਦੀ ਹਾਇਸਟ ਚੋਟੀ ਹੈ ਨਿਰਾਕਾਰੀ ਦੁਨੀਆ ਅਤੇ ਸੁਖ ਦੀ ਵੀ ਹਾਈਏਸਟ ਚੋਟੀ ਹੈ ਸਵਰਗ। ਉੱਚੇ ਤੋਂ ਉੱਚਾ ਨੂੰ ਟਾਵਰ ਕਿਹਾ ਜਾਂਦਾ ਹੈ। ਤੁਹਾਡਾ ਘਰ ਕਿੰਨਾ ਉੱਚ ਹੈ। ਦੁਨੀਆ ਵਾਲੇ ਇਨ੍ਹਾਂ ਗੱਲਾਂ ਦਾ ਖਿਆਲ ਨਹੀਂ ਕਰਦੇ। ਉਨ੍ਹਾਂ ਨੂੰ ਇਹ ਗੱਲਾਂ ਸਮਝਾਉਣ ਵਾਲਾ ਕੋਈ ਹੈ ਨਹੀਂ। ਉਸਨੂੰ ਕਿਹਾ ਜਾਂਦਾ ਹੈ ਸ਼ਾਂਤੀ ਦਾ ਟਾਵਰ। ਮਨੁੱਖ ਤਾਂ ਕਹਿੰਦੇ ਰਹਿੰਦੇ ਹਨ ਸੰਸਾਰ ਵਿਚ ਸ਼ਾਂਤੀ ਹੋਵੇ। ਪਰ ਇਸ ਦਾ ਮਤਲਬ ਨਹੀਂ ਜਾਣਦੇ ਕਿ ਸ਼ਾਂਤੀ ਹੈ ਕਿਥੇ। ਇਹ ਲਕਸ਼ਮੀ ਨਰਾਇਣ, ਸੁਖ ਦੇ ਟਾਵਰ ਵਿਚ ਹਨ, ਓਥੇ ਕੋਈ ਲੋਭ ਲਾਲਚ ਨਹੀਂ। ਓਥੇ ਦਾ ਖਾਣ-ਪਾਣ, ਬੋਲਣਾ ਬੜਾ ਰੋਇਲ ਹੁੰਦਾ ਹੈ। ਅਤੇ ਸੁਖ ਵੀ ਹਾਇਸਟ। ਉਨ੍ਹਾਂ ਦੀ ਮਹਿਮਾ ਵੇਖੋ ਕਿੰਨੀ ਹੈ। ਕਿਉਂਕਿ ਓਹਨਾ ਨੇ ਬਹੁਤ ਮੇਹਨਤ ਕੀਤੀ ਹੈ। ਇਹ ਇਕ ਨਹੀਂ ਹੈ, ਸਾਰੀ ਮਾਲਾ ਬਣੀ ਹੋਈ ਹੈ। ਅਸਲ ਵਿਚ 9 ਰਤਨ ਗਾਏ ਹੋਏ ਹਨ। ਜਰੂਰ ਉਨ੍ਹਾਂ ਨੇ ਗੁਪਤ ਮੇਹਨਤ ਕੀਤੀ ਹੋਵੇਗੀ। ਬਾਪ ਤੇ ਵਰਸੇ ਦੀ ਯਾਦ ਰਹੇ ਤਾਂ ਹੀ ਵਿਕਰਮ ਵਿਨਾਸ਼ ਹੋਣਗੇ। ਪਰ ਮਾਇਆ ਯਾਦ ਕਰਨ ਨਹੀਂ ਦਿੰਦੀ। ਕਦੇ ਕਾਮ, ਕਦੇ ਕ੍ਰੋਧ… ਬੜੇ ਤੂਫ਼ਾਨ ਲੈ ਆਉਂਦੇ ਹਨ। ਆਪਣੀ ਨਬਜ ਦੇਖਣੀ ਹੈ। ਨਾਰਦ ਨੂੰ ਵੀ ਕਿਹਾ ਸ਼ਕਲ ਦੇਖੋ। ਤਾਂ ਉਹ ਅਵਸਥਾ ਹਾਲੇ ਹੈ ਨਹੀਂ। ਬਣਾਉਣੀ ਹੈ। ਬਾਬਾ ਐਮ ਆਬਜੈਕਟ ਜਰੂਰ ਦੱਸਣਗੇ। ਅੰਦਰ ਵਿਚ ਪੁਰਸ਼ਾਰਥ ਕਰਦੇ ਰਹੋ। ਅੱਗੇ ਜਾ ਕੇ ਉਹ ਅਵਸਥਾ ਤੁਹਾਡੀ ਹੋਵੇਗੀ। ਅਸ਼ਰੀਰੀ ਰਹਿਣ ਦੀ ਪ੍ਰੈਕਟਿਸ ਕਰਨੀ ਹੈ। ਹੁਣ ਜਾਣਾ ਹੈ ਵਾਪਿਸ। ਬਾਬਾ ਨੇ ਕਿਹਾ ਮੈਨੂੰ ਯਾਦ ਕਰੋ। ਯਾਦ ਨਹੀਂ ਕਰੋਗੇ ਤਾਂ ਸਜਾਵਾ ਵੀ ਬਹੁਤ ਮਿਲਣਗੀਆਂ ਅਤੇ ਪਦਵੀ ਵੀ ਘਟ ਹੋ ਜਾਵੇਗੀ। ਇਹ ਹਨ

ਬਹੁਤ ਸੂਖਸ਼ਮ ਗੱਲਾਂ। ਉਹ ਲੋਕ ਸਾਈਂਸ ਵਿਚ ਕਿੰਨਾ ਡੀਪ(ਗਹਿਰਾ) ਜਾਂਦੇ ਹਨ। ਕੀ-ਕੀ ਬਣਾਉਂਦੇ ਰਹਿੰਦੇ ਹਨ। ਉਹ ਵੀ ਸੰਸਕਾਰ ਤਾਂ ਚਾਹੀਦੇ ਹਨ ਨਾ, ਜੋ ਫਿਰ ਉਥੇ ਵੀ ਜਾ ਕੇ ਇਹ ਚੀਜ਼ਾਂ ਬਣਾਵਾਂਗੇ। ਸਿਰਫ ਇਹ ਦੁਨੀਆ ਬਦਲੀ ਹੋਈ ਹੈ। ਇਥੋਂ ਦੇ ਸੰਸਕਾਰ ਅਨੁਸਾਰ ਜਾ ਕੇ ਜਨਮ ਲਵਾਂਗੇ। ਜਿਵੇ ਲੜਾਈ ਵਾਲਿਆਂ ਦੀ ਬੁੱਧੀ ਵਿਚ ਲੜਾਈ ਦੇ ਸੰਸਕਾਰ ਰਹਿੰਦੇ ਹਨ। ਤਾਂ ਸੰਸਕਾਰ ਲੈ ਜਾਂਦੇ ਹਨ। ਲੜਨ ਬਿਗਰ ਰਹਿ ਨਹੀਂ ਸਕਦੇ। ਆਫ਼ਿਸਰ ਦੇ ਕੋਲ ਲਾਈਨ ਲੱਗੀ ਰਹਿੰਦੀ ਹੈ। ਭਰਤੀ ਕਰਦੇ ਵਕਤ ਜਾਂਚ ਕਰਦੇ ਹਨ ਕੀ ਕੋਈ ਬਿਮਾਰੀ ਤਾਂ ਨਹੀਂ ਹੈ। ਅੱਖ, ਕੰਨ ਆਦਿ ਸਭ ਠੀਕ ਹਨ। ਲੜਾਈ ਵਿਚ ਤਾਂ ਸਾਰੇ ਠੀਕ ਚਾਹੀਦੇ ਹਨ। ਇਥੇ ਵੀ ਦੇਖਿਆ ਜਾਂਦਾ ਹੈ ਕੀ ਕੌਣ-ਕੌਣ ਵਿਜੈ ਮਾਲਾ ਦਾ ਦਾਨਾ ਬਣਨਗੇ। ਤੁਸੀਂ ਪੁਰਸ਼ਾਰਥ ਕਰ ਕਰਮਾਤੀਤ ਅਵਸਥਾ ਨੂੰ ਪਾਉਣਾ ਹੈ। ਆਤਮਾ ਅਸ਼ਰੀਰੀ ਆਈ ਹੈ, ਅਸ਼ਰੀਰੀ ਬਣ ਜਾਣਾ ਹੈ। ਉਥੇ ਸ਼ਰੀਰ ਦਾ ਕੋਈ ਸੰਬੰਧ ਨਹੀਂ। ਹੁਣ ਅਸ਼ਰੀਰੀ ਬਣਨਾ ਹੈ, ਆਤਮਾਵਾਂ ਉਥੋਂ ਆਉਂਦੀਆਂ ਹਨ। ਆ ਕੇ ਸ਼ਰੀਰ ਵਿਚ ਪ੍ਰਵੇਸ਼ ਕਰਦੀਆਂ ਹਨ। ਢੇਰ ਦੀਆ ਢੇਰ ਆਤਮਾਵਾਂ ਆਉਂਦੀਆਂ ਰਹਿੰਦੀਆਂ ਹਨ। ਸਭਨੂੰ ਆਪਣਾ- ਆਪਣੇ ਪਾਰਟ ਮਿਲਿਆ ਹੋਇਆ ਹੈ। ਜੋ ਕੋਈ ਪਵਿਤ੍ਰ ਆਤਮਾਵਾਂ ਆਉਂਦੀਆਂ ਹਨ, ਉਨ੍ਹਾਂਨੂੰ ਜਰੂਰ ਪਹਿਲੋਂ ਸੁਖ ਮਿਲਣਾ ਹੈ ਇਸਲਈ ਉਨ੍ਹਾਂ ਦੀ ਮਹਿਮਾ ਹੁੰਦੀ ਹੈ। ਵੱਡਾ ਝਾੜ ਹੈ ਨਾ। ਕਿੰਨੇ ਨਾਮੀ-ਗ੍ਰਾਮੀ ਵੱਡੇ ਆਦਮੀ ਹਨ। ਆਪਣੀ -ਆਪਣੀ ਤਾਕਤ ਅਨੁਸਾਰ ਬਹੁਤ ਸੁਖੀ ਹੋਣਗੇ। ਤਾਂ ਹੁਣ ਬੱਚਿਆਂ ਨੇ ਬੜੀ ਮੇਹਨਤ ਕਰਨੀ ਹੈ। ਕਰਮਾਤੀਤ ਅਵਸਥਾ ਵਿਚ ਪਵਿੱਤਰ ਹੋ ਕੇ ਜਾਣਾ ਹੈ। ਆਪਣੀ ਚਾਲ ਨੂੰ ਦੇਖਣਾ ਹੈ, ਕਿਸੇ ਨੂੰ ਦੁੱਖ ਤਾਂ ਨਹੀਂ ਦਿੰਦੇ ਹਨ। ਬਾਪ ਕਿੰਨਾ ਮਿੱਠਾ ਹੈ। ਮੋਸਟ ਬਿਲਵਰਡ ਹੈ ਨਾ। ਤਾਂ ਬੱਚਿਆਂ ਨੇ ਵੀ ਬਣਨਾ ਹੈ। ਇਹ ਤਾਂ ਤੁਸੀਂ ਬੱਚੇ ਜਾਣਦੇ ਹੋ ਕਿ ਬਾਪ ਇਥੇ ਹੈ। ਮਨੁੱਖਾ ਨੂੰ ਥੋੜੀ ਪਤਾ ਹੁੰਦਾ ਹੈ ਕਿ ਬਾਪ ਸਥਾਪਨਾ ਕਰ ਰਹੇ ਹਨ। ਫਿਰ ਵੀ ਜਨਮ -ਜਨਮਾਂਤਰ ਉਸਨੂੰ ਯਾਦ ਕਰਦੇ ਰਹਿੰਦੇ ਹਨ। ਸ਼ਿਵ ਦੇ ਮੰਦਿਰ ਵਿਚ ਜਾਕੇ ਕਿੰਨੀ ਪੂਜਾ ਕਰਦੇ ਰਹਿੰਦੇ ਹਨ। ਕਿੰਨੀ ਚੋਟੀ ਤੇ ਜਾ ਕੇ ਬਦ੍ਰੀਨਾਥ ਆਦਿ ਦੇ ਮੰਦਿਰ ਵਿਚ ਜਾਂਦੇ ਹਨ। ਕਿੰਨੇ ਮੇਲੇ ਲਗਦੇ ਹਨ ਕਿਉਂਕਿ ਬਹੁਤ ਮਿੱਠਾ ਹੈ ਨਾ। ਗਾਉਂਦੇ ਵੀ ਹਨ ਉੱਚ ਤੇ ਉੱਚ ਭਗਵਾਨ। ਬੁੱਧੀ ਵਿਚ ਨਿਰਾਕਾਰ ਯਾਦ ਆਵੇਗਾ। ਨਿਰਾਕਾਰ ਤਾਂ ਹੈ ਹੀ। ਫਿਰ ਹੈ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ। ਉਨ੍ਹਾਂ ਨੂੰ ਭਗਵਾਨ ਨਹੀਂ ਕਹਾਂਗੇ।

ਹੁਣ ਤੁਸੀਂ ਬੱਚੇ ਸਮਝਦੇ ਹੋ ਕੀ ਅਸੀਂ ਵੀ ਸਤੋਪ੍ਰਧਾਨ ਦੇਵਤਾ ਸੀ। ਜਦੋ ਅਸੀਂ ਵਿਸ਼ਵ ਦੇ ਮਾਲਿਕ ਸੀ ਉਸ ਵੇਲੇ ਇਤਨੇ ਢੇਰ ਮਨੁੱਖ ਨਹੀਂ ਸਨ। ਸਿਰਫ ਭਾਰਤ ਵਿਚ ਹੀ ਇਨ੍ਹਾਂ ਦਾ ਰਾਜ ਹੋਵੇਗਾ। ਬਾਕੀ ਸਭ ਚਲੇ ਜਾਣਗੇ - ਸ਼ਾਂਤੀਧਾਮ ਵਿਚ। ਇਹ ਸਭ ਤੁਸੀਂ ਦੇਖਦੇ ਰਹੋਗੇ। ਇਸ ਵਿਚ ਬੜੀ ਵਿਸ਼ਾਲਬੁੱਧੀ ਚਾਹੀਦੀ ਹੈ। ਉੱਥੇ ਤੁਹਾਨੂੰ ਪਹਾੜੀ ਆਦਿ ਤੇ ਜਾਣ ਦੀ ਲੋੜ ਨਹੀਂ ਹੈ। ਉੱਥੇ ਕੋਈ ਐਕਸੀਡੈਂਟ ਆਦਿ ਨਹੀਂ ਹੁੰਦੇ। ਉਹ ਹੈ ਹੀ ਵੰਡਰ ਆਫ ਸਵਰਗ। ਜਦੋ ਉਹ ਸਵਰਗ ਦਾ ਵੰਡਰ ਨਹੀਂ ਹੈ ਤਾਂ ਮਾਇਆ ਦੇ ਵੰਡਰਸ ਬਣਦੇ ਹਨ। ਇਹ ਗੱਲਾਂ ਦੁਨੀਆ ਵਾਲੇ ਨਹੀਂ ਸਮਝ ਸਕਦੇ। ਹੁਣ ਤੁਸੀਂ ਸਵਰਗ ਵਿਚ ਜਾਣ ਲਈ ਪੁਰਸ਼ਾਰਥ ਕਰ ਰਹੇ ਹੋ। ਉਹ ਹੈ ਸੁਖ ਦਾ ਟਾਵਰ। ਇਹ ਹੈ ਦੁੱਖ ਦਾ ਟਾਵਰ। ਲੜਾਈ ਵਿਚ ਕਿੰਨੇ ਮਨੁੱਖ ਰੋਜ ਮਰਦੇ ਹਨ ਫਿਰ ਜਮੰਦੇ ਵੀ ਹੋਣਗੇ। ਗਾਇਆ ਵੀ ਜਾਂਦਾ ਹੈ ਈਸ਼ਵਰ ਦਾ ਅੰਤ ਨਹੀਂ ਪਾਇਆ ਜਾਂਦਾ। ਹੁਣ ਈਸ਼ਵਰ ਤਾਂ ਹੈ ਬਿੰਦੀ, ਉਨ੍ਹਾਂ ਦਾ ਅੰਤ ਕੀ ਪਾਵਾਂਗੇ। ਬਾਪ ਕਹਿੰਦੇ ਹਨ ਇਸ ਰਚਨਾ ਦੇ ਆਦਿ ਮੱਧ ਅੰਤ ਨੂੰ ਕੋਈ ਨਹੀਂ ਜਾਣਦੇ। ਸਾਧੂ ਸੰਤ ਕੋਈ ਰਚਨਾ ਅਤੇ ਰਚਤਾ ਦੇ ਆਦਿ ਮੱਧ ਅੰਤ ਦਾ ਰਾਜ਼ ਪਾ ਨਹੀਂ ਸਕਦੇ। ਤੁਹਾਨੂੰ ਬਾਪ ਪੜਾਉਂਦੇ ਹਨ, ਇਸਨੂੰ ਪੜਾਈ ਕਿਹਾ ਜਾਂਦਾ ਹੈ। ਸ੍ਰਿਸ਼ਟੀ ਚੱਕਰ ਦੇ ਰਾਜ਼ ਨੂੰ ਤੁਸੀਂ ਬੱਚੇ ਹੀ ਜਾਣਦੇ ਜਾ ਰਹੇ ਹੋ। ਉਹ ਤਾਂ ਕਹਿੰਦੇ ਹਨ ਅਸੀਂ ਨਹੀਂ ਜਾਣਦੇ ਜਾ ਤਾਂ ਲੱਖਾਂ ਸਾਲ ਕਹਿ ਦਿੰਦੇ ਹਨ।

ਹੁਣ ਬਾਪ ਨੇ ਸਮਝਾਇਆ ਹੈ ਇਹ ਜੋ ਕੁਝ ਤੁਸੀਂ ਇਥੇ ਵੇਖਦੇ ਹੋ - ਇਹ ਓਥੇ ਨਹੀਂ ਰਹੇਗਾ। ਸਵਰਗ ਹੈ ਟਾਵਰ ਆਫ ਸੁਖ। ਇਥੇ ਹੈ ਦੁੱਖ ਹੈ ਦੁੱਖ। ਅਚਾਨਕ ਮੌਤ ਐਸਾ ਆਏਗਾ ਜੋ ਸਭ ਖਤਮ ਹੋ ਜਾਵੇਗਾ। ਮੌਤ ਵੇਖਣਾ ਮਾਸੀ ਦਾ ਘਰ ਨਹੀਂ ਹੈ, ਇਸਨੂੰ ਕਿਹਾ ਜਾਂਦਾ ਹੈ ਦੁੱਖ ਦੀ ਚੋਟੀ। ਉਹ ਹੈ ਸੁਖ ਦੀ ਚੋਟੀ। ਬਸ ਤੀਸਰਾ ਕੋਈ ਅੱਖਰ ਨਹੀਂ। ਤੁਹਾਡੇ ਵਿਚ ਵੀ ਬਹੁਤ ਹਨ ਜੋ ਸੁਣਦੇ ਹਨ ਪਰ ਧਾਰਨਾ ਨਹੀਂ ਹੁੰਦੀ ਹੈ। ਧਾਰਨਾ ਤਾਂ ਹੋਵੇ ਜੇਕਰ ਬੁੱਧੀ ਗੋਲਡਨ ਏਜ਼ ਹੋਵੇ। ਧਾਰਨਾ ਨਹੀਂ ਹੁੰਦੀ ਤਾਂ ਖੁਸ਼ੀ ਵੀ ਨਹੀਂ ਰਹਿੰਦੀ। ਇਕਦਮ ਹਾਇਸਟ ਪੜਾਈ ਵਾਲੇ ਵੀ ਹਨ ਅਤੇ ਲੋਏਸਟ ਵੀ ਹਨ। ਪੜਾਈ ਵਿਚ ਫਰਕ ਤਾਂ ਹੈ ਨਾ। ਉਨ੍ਹਾਂ ਨੂੰ ਕਿੰਨਾ ਵੀ ਬੇਹੱਦ ਦਾ ਬਾਪ ਸਮਝਾਵੇ ਪ੍ਰੰਤੂ ਕਦੇ ਸਮਝਣਗੇ ਨਹੀਂ। ਯਾਦ ਬਿਗਰ ਤਾਂ ਤੁਸੀਂ ਕਦੇ ਵੀ ਪਵਿੱਤਰ ਨਹੀਂ ਬਣ ਸਕੋਗੇ। ਬਾਪ ਹੀ ਚੁੰਬਕ ਹੈ। ਉਹ ਇਕਦਮ ਹਾਇਸਟ ਪਾਵਰ ਵਾਲਾ ਹੈ। ਉਨ੍ਹਾਂ ਤੇ ਕਦੇ ਕੱਟ ਨਹੀਂ ਚੜ੍ਹਦੀ, ਬਾਕੀ ਸਭ ਤੇ ਕੱਟ ਚੜੀ ਹੋਈ ਹੈ। ਉਨ੍ਹਾਂ ਨੂੰ ਉਤਾਰ ਫਿਰ ਸਤੋਪ੍ਰਧਾਨ ਬਣਨਾ ਹੈ। ਬਾਪ ਕਹਿੰਦੇ ਹਨ, ਮਾਮੇਕਮ ਯਾਦ ਕਰੋ ਹੋਰ ਕੋਈ ਵਿਚ ਮੰਮਤਵ ਨਾ ਰਹੇ। ਸ਼ਾਹੂਕਾਰਾ ਨੂੰ ਤਾਂ ਸਾਰਾ ਦਿਨ ਧਨ ਦੌਲਤ ਹੀ ਸਾਮਣੇ ਆਉਂਦਾ ਰਹੇਗਾ। ਗਰੀਬ ਨੂੰ ਤਾਂ ਕੁਝ ਹੈ ਨਹੀਂ, ਪ੍ਰੰਤੂ ਗਰੀਬ ਵੀ ਕੁਝ ਸਮਝਦਾਰ ਹੋਣ ਜੋ ਧਾਰਨਾ ਕਰ ਸਕਣ। ਯਾਦ ਬਿਗਰ ਕਿਚੜਾ ਕਿਵੇਂ ਨਿਕਲੇਗਾ। ਅਸੀਂ ਪਵਿੱਤਰ ਕਿਵੇਂ ਬਣਾਂਗੇ। ਤੁਸੀਂ ਇਥੇ ਆਏ ਹੋ ਉੱਚ ਚੋਟੀ ਤੇ ਜਾਨ ਲਈ। ਜਾਣਦੇ ਹੋ ਬਾਪ ਦੀ ਸਿੱਖਿਆ ਤੇ ਚੱਲਣ ਨਾਲ ਉੱਚ ਚੋਟੀ ਤੇ ਜਾਵਾਂਗੇ। ਇਸ ਵਿਚ ਮੇਹਨਤ ਹੈ। ਬਾਪ ਆਉਂਦੇ ਹਨ ਟਾਵਰ ਤੇ ਲੈ ਜਾਣ। ਤਾਂ ਸ੍ਰੀਮਤ ਤੇ ਚਲਣਾ ਪਵੇ। ਪਹਿਲੇ ਨੰਬਰ ਵਿਚ ਇਸ ਲਕਸ਼ਮੀ ਨਰਾਇਣ ਦਾ ਹੀ ਗਾਇਨ ਹੈ। ਉਹ ਇਕਦਮ ਟਾਵਰ ਵਿਚ ਹੋਣਗੇ। ਫਿਰ ਕੁਝ ਨਾ ਕੁਝ ਘਟ। ਨਵੀ ਦੁਨੀਆ ਨੂੰ ਹੀ ਟਾਵਰ ਆਫ ਸੁਖ ਕਿਹਾ ਜਾਂਦਾ ਹੈ। ਓਥੇ ਕੋਈ ਮੈਲੀ ਚੀਜ਼ ਨਹੀਂ ਹੁੰਦੀ। ਐਸੀ ਮਿਟੀ ਨਹੀਂ, ਐਸੀ ਹਵਾਵਾਂ ਨਹੀਂ ਲਗਦੀਆਂ ਜੋ ਮਕਾਨ ਨੂੰ ਖਰਾਬ ਕਰਨ। ਸਵਰਗ ਦੀ ਤਾਂ ਬਹੁਤ ਮਹਿਮਾ ਹੈ। ਉਸਦੇ ਲਈ ਪੁਰਸ਼ਾਰਥ ਕਰਨਾ ਹੈ। ਲਕਸ਼ਮੀ-ਨਰਾਇਣ ਕਿੰਨੇ ਉਂਚੇ ਹਨ। ਉਨ੍ਹਾਂ ਨੂੰ ਵੇਖਣ ਨਾਲ ਹੀ ਦਿਲ ਖੁਸ਼ ਹੋ ਜਾਂਦੀ ਹੈ। ਅੱਗੇ ਚਲ ਕੇ ਬਹੁਤਿਆਂ ਨੂੰ ਸਾਕਸ਼ਾਤਕਾਰ ਹੁੰਦੇ ਰਹਿਣਗੇ। ਸ਼ੁਰੂ ਵਿੱਚ ਕਿੰਨੇ ਸਾਖਸ਼ਾਤ ਕਾਰ ਹੁੰਦੇ ਸਨ। ਕਿੰਨਾ ਬਾਬਾ ਨੇ ਜਲਵਾ ਦਿਖਾਇਆ। ਤਾਜ ਆਦਿ ਪਾ ਕੇ

ਆਉਂਦੇ ਸਨ। ਉਹ ਚੀਜ਼ਾਂ ਤਾਂ ਇਥੇ ਮਿਲ ਨਾ ਸਕਣ। ਬਾਬਾ ਤਾਂ ਜੌਹਰੀ ਹਨ। ਅੱਗੇ ਜੋ 50 ਹਜਾਰ ਵਿਚ ਮਣੀ ਲੈਂਦੇ ਸੀ ਉਹ ਹੁਣ 50 ਲੱਖ ਵਿਚ ਵੀ ਨਾ ਮਿਲੇ। ਤੁਸੀਂ ਸਵਰਗ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਉੱਥੇ ਅਥਾਹ ਸੁਖ ਹਨ। ਬਾਪ ਇਤਨਾ ਪੜ੍ਹਾਉਂਦੇ ਹਨ ਪ੍ਰੰਤੂ ਬੱਚਿਆਂ ਵਿਚ ਰਾਤ ਦਿਨ ਦਾ ਫਰਕ ਪੈ ਜਾਂਦਾ ਹੈ। ਕਿੱਥੇ ਰਾਜਾ ਰਾਣੀ ਅਤੇ ਕਿੱਥੇ ਦਾਸ ਦਾਸੀਆਂ। ਜੋ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ ਉਹ ਛਿਪੇ ਨਹੀਂ ਰਹਿ ਸਕਦੇ। ਝੱਟ ਕਹਿਣਗੇ ਬਾਬਾ ਅਸੀਂ ਫਲਾਣੀ ਜਗ੍ਹਾ ਤੇ ਜਾ ਕੇ ਸਰਵਿਸ ਕਰਦੇ ਹਾਂ। ਸਰਵਿਸ ਤਾਂ ਢੇਰ ਪਈ ਹੈ। ਤੁਹਾਨੂੰ ਇਸ ਜੰਗਲ ਨੂੰ ਮੰਗਲ ਬਣਾਉਣਾ ਹੈ। ਰੋਟੀ ਟੁਕੜ ਖਾਇਆ ਨਾ ਖਾਇਆ ਇਹ ਭੱਜੇ ਸੇਵਾ ਤੇ। ਧੰਧੇ ਵਾਲੇ ਲੋਕ ਇਵੇਂ ਕਰਦੇ ਹਨ। ਅੱਛਾ ਗ੍ਰਾਹਕ ਆ ਜਾਂਦਾ ਹੈ ਤਾਂ ਫਿਰ ਖਾਇਆ ਨਾ ਖਾਇਆ, ਇਹ ਭੱਜੇ। ਧਨ ਕਮਾਉਣ ਦਾ ਸ਼ੌਕ ਰਹਿੰਦਾ ਹੈ। ਇਹ ਤਾਂ ਬੇਹੱਦ ਦੇ ਬਾਪ ਤੋਂ ਬੇਅੰਤ ਧਨ ਮਿਲਦਾ ਹੈ। ਚਾਹੇ ਥੋੜਾ ਸਮਾਂ ਪਿਆ ਹੈ ਪਰ ਕਲ ਸ਼ਰੀਰ ਛੁੱਟ ਜਾਵੇ। ਕੋਈ ਭਰੋਸਾ ਨਹੀਂ ਹੈ। ਵਿਨਾਸ਼ ਤਾਂ ਹੋਣਾ ਹੀ ਹੈ। ਤੁਹਾਡੇ ਲਈ ਤਾਂ ਮਰੂਆ ਮੌਤ ਮਲੂਕਾ ਸ਼ਿਕਾਰ। ਤੁਹਾਡੀ ਖੁਸ਼ੀ ਦਾ ਪਾਰਾਵਾਰ ਨਹੀਂ। ਤੁਹਾਨੂੰ ਬੇਅੰਤ ਖੁਸ਼ੀ ਹੋਣੀ ਚਾਹੀਦੀ ਹੈ। ਤੁਸੀਂ ਬਹੁਤਿਆਂ ਦਾ ਕਲਿਆਣ ਕਰਨਾ ਹੈ। ਪਿੱਛੋਂ ਕਰਮਾਤੀਤ ਅਵਸਥਾ ਹੋਣੀ ਹੈ। ਤੁਸੀਂ ਯਾਦ ਕਰਦੇ - ਕਰਦੇ ਅਸ਼ਰੀਰੀ ਬਣ ਜਾਵੋਗੇ। ਓਦੋ ਅਚਾਨਕ ਹੀ ਉਡੋਂ ਗੇ। ਇਹ ਬੜੀ ਮੇਹਨਤ ਹੈ। ਕੋਈ ਤਾਂ ਬੜੀ ਸਰਵਿਸ ਕਰਦੇ ਹਨ। ਸਾਰਾ ਦਿਨ ਮਿਊਜਿਅਮ ਸਮਝਾਉਣ ਲਈ ਖੜ੍ਹੇ ਰਹਿੰਦੇ ਹਨ। ਦਿਨ ਰਾਤ ਸਰਵਿਸ ਵਿਚ ਤਿਆਰ ਹਨ। ਸੈਂਕੜੇ ਮਿਊਜਿਅਮ ਖੁਲ ਜਾਣਗੇ। ਲੱਖਾਂ ਲੋਕ ਤੁਹਾਡੇ ਕੋਲ ਆਉਣਗੇ। ਤੁਹਾਨੂੰ ਫੁਰਸਤ ਨਹੀਂ ਮਿਲੇਗੀ। ਸਭ ਤੋਂ ਜ਼ਿਆਦਾ ਤੁਹਾਡੀਆਂ ਦੁਕਾਨਾਂ ਨਿਕਲਣਗੀਆਂ- ਇਨ੍ਹਾਂ ਅਵਿਨਾਸ਼ੀ ਗਿਆਨ ਰਤਨਾਂ ਦੀਆਂ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1. ਗਿਆਨ ਦੀ ਧਾਰਨਾ ਕਰਨ ਦੇ ਲਈ ਪਹਿਲੋਂ ਆਪਣੀ ਬੁੱਧੀ ਗੋਲਡਨ ਏਜ਼ ਦੀ ਬਣਾਓ। ਬਾਪ ਦੀ ਯਾਦ ਤੋਂ ਇਲਾਵਾ ਹੋਰ ਕਿਸੇ ਵੀ ਚੀਜ਼ ਵਿਚ ਮਮਤਵ ਨਾ ਰਹੇ।

2. ਕਰਮਾਤੀਤ ਅਵਸਥਾ ਨੂੰ ਪ੍ਰਾਪਤ ਕਰ ਘਰ ਜਾਣ ਦੇ ਲਈ ਅਸ਼ਰੀਰੀ ਬਣਨ ਦਾ ਅਭਿਆਸ ਕਰੋ। ਆਪਣੀ ਚਲਣ ਵੀ ਦੇਖੋ ਕੀ ਕਿਸੇ ਨੂੰ ਦੁੱਖ ਤਾਂ ਨਹੀਂ ਦਿੰਦੇ ਹੋ। ਬਾਪ ਸਮਾਨ ਮਿੱਠੇ ਬਣੇ ਹੋ।

ਵਰਦਾਨ:- ਸਹਿਣਸ਼ਕਤੀ ਦੀ ਧਾਰਨਾ ਦਵਾਰਾ ਸਤਿਯਤਾ ਨੂੰ ਅਪਣਾਉਣ ਵਾਲੇ ਸਦਾ ਦੇ ਵਿਜਈ ਭਵ।

ਦੁਨੀਆ ਵਾਲੇ ਕਹਿੰਦੇ ਹਨ ਕਿ ਅੱਜਕਲ ਸੱਚੇ ਲੋਕਾਂ ਦਾ ਚਲਣਾ ਹੀ ਮੁਸ਼ਕਿਲ ਹੈ, ਝੂਠ ਬੋਲਣਾ ਹੀ ਪਵੇਗਾ, ਕਈ ਬ੍ਰਾਹਮਣ ਆਤਮਾਵਾਂ ਵੀ ਸਮਝਦੀਆਂ ਹਨ ਕਿ ਕਿਤੇ - ਕਿਤੇ ਚਤੁਰਾਈ ਨਾਲ ਤੇ ਚਲਣਾ ਹੀ ਪੈਂਦਾ ਹੈ, ਲੇਕਿਨ ਬ੍ਰਹਮਾ ਬਾਪ ਨੂੰ ਵੇਖਿਆ ਸਤਿਯਤਾ ਅਤੇ ਪਵਿੱਤ੍ਰਤਾ ਦੇ ਲਈ ਕਿੰਨੀ ਆਪੋਜੀਸ਼ਨ ਹੋਈ ਫਿਰ ਵੀ ਘਬਰਾਏ ਨਹੀਂ। ਸਤਿਯਤਾ ਦੇ ਲਈ ਸਹਿਣਸ਼ਕਤੀ ਦੀ ਜਰੂਰਤ ਹੁੰਦੀ ਹੈ। ਸਹਿਣ ਕਰਨਾ ਪੈਂਦਾ ਹੈ, ਝੁੱਕਣਾ ਪੈਂਦਾ ਹੈ, ਹਾਰ ਮੰਨਣੀ ਪੈਂਦੀ ਹੈ ਲੇਕਿਨ ਉਹ ਹਾਰ ਨਹੀਂ ਹੈ, ਸਦਾ ਦੀ ਵਿਜੇ ਹੈ।

ਸਲੋਗਨ:- ਪ੍ਰਸੰਨ ਰਹਿਣਾ ਅਤੇ ਪ੍ਰਸੰਨ ਕਰਨਾ - ਇਹ ਹੈ ਦੁਆਵਾਂ ਦੇਣਾ ਅਤੇ ਦੁਆਵਾਂ ਲੈਣਾ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਮੇਰਾ ਤਾਂ ਇੱਕ ਬਾਬਾ ਅਤੇ ਮੇਰਾ ਸਭ ਕੁਝ ਇਸ ਇੱਕ ਮੇਰੇ ਵਿੱਚ ਸਮਾ ਜਾਵੇ। ਜਿੱਥੇ ਚਾਹੋ, ਜਿਵੇਂ ਚਾਹੋ, ਜਿੰਨਾਂ ਸਮਾਂ ਚਾਹੋ ਉਤਨਾ ਸਮਾਂ ਮਨ ਇਕਾਗ੍ਰ ਹੋ ਜਾਵੇ, ਇਸ ਨੂੰ ਕਿਹਾ ਜਾਂਦਾ ਹੈ ਮਨ ਵਸ਼ ਵਿਚ ਹੈ। ਇਸ ਇਕਾਗ੍ਰਤਾ ਮਤਲਬ ਇੱਕਰਸ ਸਵੀਟ ਸਾਇਲੈਂਸ ਦੀ ਸਥਿਤੀ ਦਵਾਰਾ ਸਹਿਜ ਹੀ ਡਬਲ ਲਾਈਟ ਫਰਿਸ਼ਤਾ ਸਵਰੂਪ ਦੀ ਅਨੁਭੂਤੀ ਹੁੰਦੀ ਹੈ।